# ਅਖ਼ਬਾਰਾਂ ਦੀਆਂ ਸੁਰਖੀਆਂ 'ਚੋਂ

ਗੁਰਸ਼ਰਨ ਸਿੰਘ ਦੀ ਨਾਟਕਕਾਰ ਦੇ ਰੂਪ ਵਿਚ ਬਹੁਤ ਵੱਡੀ ਭੂਮਿਕਾ ਇਸ ਲਈ ਹੈ ਕਿ ਉਹਨਾਂ ਨੇ ਪੰਜਾਬ ਨਾਲ ਲਗਦੇ ਹਿੰਦੀ ਭਾਸ਼ੀ ਭਾਰਤ ਵਿਚ ਆਮ ਨਾਗਰਿਕਾਂ, ਮਜ਼ਦੂਰ-ਸੰਗਠਨਾਂ, ਖੇਤ-ਮਜ਼ਦੂਰਾਂ ਅਤੇ ਵਿਦਿਆਰਥੀ ਸੰਗਠਨਾਂ ਨੂੰ ਚਲੰਤ ਸਮੱਸਿਆਵਾਂ 'ਤੇ ਨਾਟਕ ਲਿਖਣੇ ਅਤੇ ਪੇਸ਼ ਕਰਨ ਦਾ ਤੌਰ ਤਰੀਕਾ ਦਿੱਤਾ।

ਦਰਅਸਲ ਗੁਰਸ਼ਰਨ ਸਿੰਘ ਹੋਰੀਂ ਕਈ ਮੋਰਚਿਆਂ ਤੇ ਇਕੱਠੀ ਲੜਾਈ ਲੜ ਰਹੇ ਸਨ। ਯਾਨਿ ਇਕ ਤਰਫ ਸਮਾਜਿਕ ਕੁਰੀਤੀਆਂ, ਦੂਸਰੀ ਤਰਫ ਪੰਜਾਬ ਸਮੱਸਿਆ ਕਾਰਨ ਉਠਿਆ ਅਲਗਾਵ-ਵਾਦ ਅਤੇ ਇਨ੍ਹਾਂ ਸਾਰਿਆਂ ਤੋਂ ਵੱਧ ਕੇ ਉਹਨਾਂ ਦੀ ਚਿੰਤਾ ਇਹ ਸੀ ਕਿ ਪੰਜਾਬ ਦੀ ਸੰਸਕ੍ਰਿਤੀ ਨੂੰ ਹਲਕੀ ਫੁਲਕੀ ਆਸ਼ਿਕੀ ਦੀ ਸੰਸਕ੍ਰਿਤੀ ਦੇ ਰੂਪ ਵਿਚ ਕਿਉਂ ਦਿਖਾਇਆ ਜਾ ਰਿਹਾ ਸੀ। ਇਸ ਤੋਂ ਉਨ੍ਹਾਂ ਨੂੰ ਗਹਿਰੀ ਪੀੜਾ ਹੋਈ ਅਤੇ ਉਹਨਾਂ ਨੇ ਨਾਇਕਾ ਦੀ ਸੰਸਕ੍ਰਿਤੀ ਨੂੰ ਸਥਾਪਿਤ ਕਰਨ ਲਈ ਅਨੇਕ ਚਰਿਤਰ ਖੋਜੇ ਅਤੇ ਘੜੇ ਵੀ। ਧਾਰਮਿਕ ਅਲਗਾਵ-ਵਾਦ ਤੋਂ ਇਲਾਵਾ ਪੰਜਾਬ ਦੀ ਖੇਤੀ-ਵਿਵਸਥਾ ਵਿਚ ਲੁਟੇਰੇ ਤੇ ਸਾਮੰਤੀ ਤੱਤਾਂ ਦੇ ਖਿਲਾਫ ਭੀ ਗੁਰਸ਼ਰਨ ਸਿੰਘ ਨੇ ਇਕ ਬਰਾਬਰ ਲੜਾਈ ਲੜੀ।

(ਜਨਸਤਾ—25 ਅਗਸਤ, 1996)

? ਕੀ ਤੁਸੀਂ ਸ਼ੁਰੂ ਤੋਂ ਹੀ ਇਨਕਲਾਬੀ ਥੀਏਟਰ ਕਰਦੇ ਰਹੇ ਹੋ ?

o ਨਹੀਂ, ਸ਼ੁਰੂ ਵਿਚ ਮੈਂ ਹਰ ਤਰ੍ਹਾਂ ਦੇ ਡਰਾਮੇ ਕੀਤੇ ਜਿਸ ਵਿਚ ਪੱਛਮੀ ਕਲਾਸੀਕਲ ਵੀ ਸ਼ਾਮਿਲ ਸਨ। ਤਬਦੀਲੀ 1966 ਵਿਚ ਉਦੋਂ ਆਈ, ਜਦੋਂ ਮੈਂ ਬਲਰਾਜ ਸਾਹਨੀ ਨੂੰ ਮਿਲਿਆ। ਉਸਨੇ ਮੈਨੂੰ ਇਹ ਅਹਿਸਾਸ ਕਰਨ ਵਿਚ ਮਦਦ ਕੀਤੀ ਕਿ ਮੇਰੇ ਲਈ ਥੀਏਟਰ ਨਾ ਰੋਜ਼ੀ-ਰੋਟੀ ਦਾ ਸਾਧਨ ਹੈ, ਨਾ ਆਤਮ-ਮਨੋਰੰਜਨ ਦਾ। ਕਿਉਂਕਿ ਮੈਂ ਲੋਕਾਂ ਨੂੰ, ਸਾਧਾਰਨ ਲੋਕਾਂ ਨੂੰ ਕੁਝ ਕਹਿਣਾ ਚਾਹੁੰਦਾ ਸਾਂ, ਇਸ ਲਈ ਮੈਂ ਇਹ ਸੋਚਿਆ ਕਿ ਮੈਨੂੰ ਉਸ ਚੀਜ਼ ਤੇ ਕੇਂਦਰਿਤ ਕਰਨ ਚਾਹੀਦਾ ਹੈ ਜੋ ਮੈਂ ਕਹਿਣੀ ਚਾਹੁੰਦਾ ਹਾਂ, ਨਾ ਕਿ ਥੀਏਟਰ ਦੇ ਤਕਨੀਕੀ ਜਾਂ ਕਲਾਕਾਰੀ ਪਹਿਲੂਆਂ 'ਤੇ। 1966 ਤੋਂ ਹੀ ਥੀਏਟਰ ਨਾਲ ਮੇਰੀ ਵਚਨਬੱਧਤਾ, ਸਮਾਜ ਵਿਚ ਤਬਦੀਲੀ ਲਈ ਮੇਰੀ ਵਚਨਬੱਧਤਾ ਦੇ ਬਰਾਬਰ ਹੋ ਗਈ। ਮੈਂ ਹਮੇਸ਼ਾਂ ਸਮਾਜਿਕ ਪ੍ਰੋਗਰਾਮ ਵਾਲੇ ਡਰਾਮਿਆਂ ਨੂੰ ਪਹਿਲ ਦਿੱਤੀ ਜਿਸ ਵਿਚ ਵਿਅੰਗ ਸੀ।

? ਤੁਹਾਡੇ ਥੀਏਟਰ ਦੇ ਉਚੀ ਸੁਰ ਵਾਲਾ ਹੋਣ ਦੀ ਅਲੋਚਨਾ ਬਾਰੇ ਤੁਸੀ ਕੀ ਕਹਿਣਾ ਚਾਹੁੰਦੇ ਹੋ ?

o ਇਹ ਮੇਰੀ ਮਜ਼ਬੂਰੀ ਹੈ। ਮੈਂ ਆਪਣੇ ਪੇਂਡੂ ਦਰਸ਼ਕਾਂ ਨੂੰ ਲਪੇਟੀਆਂ ਗੱਲਾਂ ਨਹੀਂ ਸਮਝਾ ਸਕਦਾ। ਮੈਨੂੰ ਚੀਜ਼ਾਂ ਸਪਸ਼ਟ ਰੂਪ ਵਿਚ ਪੇਸ਼ ਕਰਨੀਆਂ ਪਈਆਂ, ਮੈਂ ਉਹਨਾਂ ਨੂੰ ਅਸਪਸ਼ਟ ਨਹੀਂ ਰਹਿਣ ਦੇ ਸਕਦਾ। ਇਸ ਦੇ ਨਾਲ ਹੀ ਮੈਂ ਇਹ ਵੀ ਸਮਝਦਾ ਹਾਂ ਕਿ ਬੰਦਾ ਉਦੋਂ ਉਚੀ ਬੋਲਦਾ ਹੈ ਜਦੋਂ ਉਹ ਵਚਨਬੱਧਤਾ ਨਾਲ ਬੋਲਦਾ ਹੈ...।

**(ਦਿ ਇਕਨਾਮਿਕ ਟਾਈਮਜ਼, ਨਵੀਂ ਦਿੱਲੀ—23-9-1994)**

? ਇਨਾਮ (ਸੰਗੀਤ ਨਾਟਕ ਅਕਾਡਮੀ) ਮਿਲਣ ਦੀਆਂ ਵਧਾਈਆਂ। ਆਖਰ ਤੁਹਾਡੇ ਕੰਮ ਨੂੰ ਮਾਣਤਾ ਮਿਲ ਗਈ।

o ਮੈਂ ਇਸ ਕਰਕੇ ਖੁਸ਼ ਨਹੀਂ ਹਾਂ ਕਿ ਇਹ ਮੇਰੇ ਨਿਜੀ ਕੰਮ ਨੂੰ ਮਾਣਤਾ ਮਿਲੀ ਹੈ, ਸਗੋਂ ਇਸ ਕਰਕੇ ਕਿ ਇਹ ਪੰਜਾਬੀ ਥੀਏਟਰ ਨੂੰ ਮਾਣਤਾ ਹੈ। ਹੁਣ ਤੱਕ ਇਹ ਖੁਸ਼ਫਹਿਮੀ ਰਹੀ ਹੈ ਕਿ ਪੰਜਾਬ ਵਿਚ ਕਲਾ ਦੇ ਨਾਂ ਤੇ ਸਿਰਫ ਲੋਕਗੀਤ ਤੇ ਲੋਕਨਾਚ ਜਿਵੇਂ ਕਿ ਗਿੱਧਾ ਤੇ ਭੰਗੜਾ ਹੀ ਹੁੰਦੇ ਹਨ। ਇਸ ਕਰਕੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਪਹਿਲਾਂ ਸੰਗੀਤ ਨਾਟਕ ਅਕਾਡਮੀ ਦੇ ਇਨਾਮ ਲੋਕ ਗੀਤਕਾਰਾਂ ਜਿਵੇਂ ਕਿ ਸੁਰਿੰਦਰ ਕੌਰ, ਲਾਲ ਚੰਦ ਯਮਲਾ ਨੂੰ ਦਿੱਤੇ ਗਏ ਹਨ, ਕਦੇ ਵੀ ਕਿਸੇ ਰੰਗ ਕਰਮੀ ਨੂੰ ਨਹੀਂ ਜਿਵੇਂ ਕਿ ਨਾਟਕ ਨਿਰਦੇਸ਼ਕ ਜਾਂ ਐਕਟਰ ਨੂੰ।

**(ਦੀ ਹਿੰਦੁਸਤਾਨ ਟਾਈਮਜ਼, ਜੁਲਾਈ 23, 1994)**

? ਪੰਜਾਬੀ ਥੀਏਟਰ ਦੇ ਭਵਿਖ ਬਾਰੇ ਤੁਸੀਂ ਕਿੰਜ ਸੋਚਦੇ ਹੋ ?

o ਮੈਂ ਬਹੁਤ ਆਸ਼ਾਵਾਦੀ ਹਾਂ। ਸਾਡੇ ਕੋਲ ਚੰਗੇ ਐਕਟਰ ਤੇ ਚੰਗੇ ਡਾਇਰੈਕਟਰ ਹਨ, ਜ਼ਰੂਰਤ ਸਭਿਆਚਾਰ ਪ੍ਰਬੰਧ ਦੀ ਹੈ। ਉਹਦੇ ਲਈ ਵੀ ਚੰਗੇ ਗੁਣੀ ਲੋਕ ਮੌਜੂਦ ਹਨ। ਮੇਰੀਆਂ ਆਸਾਂ ਅੰਮ੍ਰਿਤਸਰ ਵਿਚ ਕੇਵਲ ਧਾਲੀਵਾਲ, ਸਮਰਾਲਾ ਵਿਚ ਤਰਲੋਚਨ ਸਿੰਘ, ਮੁੱਲਾਂਪੁਰ ਵਿਚ ਹਰੀਕੇਸ਼ ਚੌਧਰੀ, ਬਿਆਸ ਵਿਚ ਹੰਸਾ, ਮੁਹਾਲੀ ਵਿਚ ਕੁਮਾਰ ਪਵਨ ਦੀਪ, ਬਠਿੰਡਾ ਵਿਚ ਟੋਨੀ ਬਾਤਿਸ਼, ਫਰੀਦਕੋਟ ਵਿਚ ਸੁਦਰਸ਼ਨ ਮੈਨੀ, ਲੋਕ ਸਭਿਆਚਾਰ ਮੰਚ ਦੇ ਕਸ਼ਮੀਰੀ ਲਾਲ ਹਨ। ਇਹਨਾਂ ਤੋਂ ਇਲਾਵਾ ਹੋਰ ਵੀ ਕਈ ਹਨ—ਆਤਮਜੀਤ, ਜਤਿੰਦਰ ਬਰਾੜ, ਰਵੀ ਦੀਪ, ਜਿਨ੍ਹਾਂ ਦੇ ਗੁਣਾਂ, ਸ਼ਕਤੀ ਅਤੇ ਵਚਨਬੱਧਤਾ ਤੇ ਸ਼ਾਨਦਾਰ ਪੰਜਾਬੀ ਥੀਏਟਰ ਲਈ ਮੈਂ ਨਿਰਭਰ ਕਰ ਸਕਦਾ ਹਾਂ। ਸ਼ਾਇਦ ਗੁਰਸ਼ਰਨ ਸਿੰਘ ਹੀ ਸਿਰਫ ਇਕੋ ਨਾਟ ਲੇਖਕ ਹੈ ਜਿਸ ਨੇ ਨਵੰਬਰ 1984 ਬਾਰੇ ਸਚਾਈ ਦਸਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਸਿਰਫ ਦਿੱਲੀ ਵਿਚ ਹੀ ਤਿੰਨ ਹਜ਼ਾਰ ਸਿੱਖ ਮਾਰ ਦਿੱਤੇ ਗਏ ਸਨ। –'ਬਾਬਾ ਬੋਲਦਾ ਹੈ' ਨਾਟਕ, ਜਿਸ ਤੇ ਪੰਜਾਬ ਸਰਕਾਰ ਨੇ ਪਾਬੰਦੀ ਲਗਾਈ ਹੈ, ਵਿਚ ਦੋ ਪਾਤਰ ਇਕ ਹਰੀਚੰਦ ਤੇ ਕਾਂਗਰਸੀ ਇਸ ਤਰ੍ਹਾਂ ਗੱਲਬਾਤ ਕਰਦੇ ਹਨ—

ਕਾਂਗਰਸੀ – ਕਿਉਂ ਹਰੀ ਚੰਦ ਕੀ ਪ੍ਰੋਗਰਾਮ ਏ ?

ਹਰੀ ਚੰਦ – ਬੜੀ ਪਰਾਗਰੈਸ ਏ – ਤਿੰਨ ਸਰਦਾਰਾਂ ਨੂੰ ਗੱਡੀਉਂ ਲਾਹ ਦੇ ਗੱਡੀ ਚੜ੍ਹਾਇਆ ਹੈ। ਚਾਰ ਟੈਕਸੀਆਂ ਨੂੰ ਅੱਗ ਲਾ ਕੇ ਸੁਆਹ ਬਣਾਇਆ ਹੈ।

ਕਾਂਗਰਸੀ – ਬਹੁਤ ਖ਼ੂਬ ! ਹੁਣ ਮੈਂ ਪ੍ਰਧਾਨ ਮੰਤਰੀ ਨੂੰ ਕਹਿ ਸਕਾਂਗਾ ਕਿ ਜਦੋਂ ਦਰਖਤ ਡਿਗਦਾ ਹੈ, ਤਾਂ ਜ਼ਮੀਨ ਹਿਲਦੀ ਹੈ।

ਕੋਈ ਪੱਤਰਕਾਰ ਤੇ ਜਮਹੂਰੀ ਅਧਿਕਾਰ ਸੰਗਠਨ ਵੀ ਇੰਨੇ ਸਪਸ਼ਟ ਰੂਪ ਵਿਚ ਚੀਜ਼ਾਂ ਨੂੰ ਪੇਸ਼ ਨਹੀਂ ਕਰ ਸਕੇ ਜਿਵੇਂ ਕਿ ਗੁਰਸ਼ਰਨ ਸਿੰਘ ਨੇ ਕੀਤਾ ਹੈ। ਅਤੇ ਇਸੇ ਗੁਰਸ਼ਰਨ ਸਿੰਘ ਨੂੰ ਦੂਰਦਰਸ਼ਨ 'ਤੇ ਦਾਸਤਾਨ-ਏ-ਪੰਜਾਬ (ਪੰਜਾਬ-ਕਹਾਣੀ) ਨਾਂ ਦਾ 13 ਕਿਸ਼ਤਾਂ ਵਾਲਾ ਸੀਰੀਅਲ ਬਣਾਉਣ ਲਈ ਕਿਹਾ ਗਿਆ ਹੈ ਤਾਂ ਕਿ ਜੋ ਹੋ ਰਿਹਾ ਹੈ, ਉਸ ਬਾਰੇ ਸੱਚੋ ਸੱਚ ਦੱਸਿਆ ਜਾ ਸਕੇ।

**(ਦੀ ਸੰਡੇ ਅਬਜ਼ਰਵਰ, ਮਈ 28, 1989)**

ਸ਼੍ਰੀ ਗੁਰਸ਼ਰਨ ਸਿੰਘ ਦੇਸ਼ ਦੇ ਇਕ ਪ੍ਰਸਿੱਧ ਨਾਟਕਕਾਰ ਹਨ ਅਤੇ ਪੰਜਾਬ ਵਿਚ ਉਹਨਾਂ ਦੀ ਕਾਫੀ ਲੋਕਪ੍ਰਿਅਤਾ ਹੈ। ਉਹ ਕਾਫੀ ਅਰਸੇ ਤੋਂ ਪੰਜਾਬ ਵਿਚ ਆਪਣੇ ਨਾਟਕਾਂ ਰਾਹੀਂ ਰਾਜਨੀਤਕ-ਸਮਾਜਿਕ ਚੇਤਨਾ ਦਾ ਵਿਕਾਸ ਕਰ ਰਹੇ ਹਨ ਅਤੇ ਅੱਜ ਕੱਲ ਦੇ ਸਾਲਾਂ ਵਿਚ ਉਹਨਾਂ ਨੇ ਉਗਰਵਾਦੀਆਂ ਦਾ ਕਾਫੀ ਕਾਰਗਰ ਢੰਗ ਨਾਲ ਵਿਰੋਧ ਕਰਦੇ ਹੋਏ ਨਾਟ-ਪ੍ਰਦਰਸ਼ਨ ਜਾਰੀ ਰੱਖੇ ਅਤੇ ਖਤਰੇ ਦੀ ਪ੍ਰਵਾਹ ਨਹੀਂ ਕੀਤੀ।

ਪੰਜਾਬ ਸਮੱਸਿਆ ਦੇ ਪਰਿਪੇਖ ਵਿਚ ਗੁਰਸ਼ਰਨ ਸਿੰਘ ਆਪਣੀਆਂ ਕੋਸ਼ਿਸ਼ਾਂ ਇਕ ਵਿਸ਼ਿਸ਼ਟ ਪੱਖ ਦੇ ਰੂਪ ਵਿਚ ਪੇਸ਼ ਕਰਨਾ ਚਾਹੁੰਦਾ ਹੈ ਜਿਨ੍ਹਾਂ ਨੇ ਉਗਰਵਾਦੀਆਂ ਤੇ ਕੱਟੜਪੰਥੀਆਂ ਦੀ ਪਰਵਾਹ ਕੀਤੇ ਬਿਨਾ ਪਿੰਡ-ਪਿੰਡ ਜਾ ਕੇ ਇਹਨਾਂ ਤੱਤਾਂ ਦੇ ਵਿਰੁੱਧ ਲਗਾਤਾਰ ਆਵਾਜ਼ ਉਠਾਈ ਅਤੇ ਪੰਜਾਬ ਦੀ ਜਨਤਾ ਨੂੰ ਸਚਾਈ ਬਾਰੇ ਜਾਣਕਾਰੀ ਦਿੱਤੀ। ਜਨ-ਚੇਤਨਾ ਵਿਕਸਿਤ ਕਰਨ ਦੇ ਉਦੇਸ਼ ਨਾਲ ਉਹ ਨਵੇਂ ਤਰੀਕੇ ਖੋਜ ਰਹੇ ਹਨ ਅਤੇ ਫਿਲਮਾਂ ਦੇ ਮਾਧਿਅਮ ਨਾਲ ਜਨਤਾ ਨੂੰ ਪ੍ਰਗਤੀਸ਼ੀਲ ਵਿਚਾਰਾਂ ਤੋਂ ਜਾਣੂ ਕਰਾਉਣ ਦੀ ਯੋਜਨਾ ਬਣਾ ਰਹੇ ਹਨ।

**(ਪ੍ਰਭਾਤ ਖਬਰ, ਕੋਕਰ, ਰਾਂਚੀ - 5 ਅਪਰੈਲ, 1986)**

### ਸਿਆਸੀ ਗੁਫਤੁਗੂ ਵਿਚੋਂ

? ਪੰਜਾਬ ਵਿਚ ਤੁਹਾਡਾ ਕਿਸੇ ਅਜਿਹੀ ਸੰਸਥਾ ਨਾਲ ਵਾਹ ਪਿਆ ਜੋ ਖਾਲਿਸਤਾਨ ਦੀ ਮੰਗ ਕਰਦੀ ਹੋਵੇ ?

o ਚਲੋ ਇਹ ਮੈਂ ਮੰਨ ਸਕਦਾ ਹਾਂ ਕਿ ਉਹ ਗੁਪਤ ਹੋਵੇਗੀ। ਪਰ ਜੇ ਗੁਪਤ ਵੀ ਹੋਵੇ ਜਿਵੇਂ 'ਕਮਿਊਨਿਸਟ ਇਨਕਲਾਬੀਆਂ' ਦੀਆਂ ਹਨ, ਉਹਨਾਂ ਦੇ ਕੰਮ ਦਾ ਪਤਾ ਤਾਂ ਲੱਗੇ। ਐਵੇਂ ਵਾਹੀਯਾਤ ਕਿਸਮ ਦੇ ਇਸ਼ਤਿਹਾਰ ਲਾਏ ਜਾਂਦੇ ਹਨ – ਉਹਨਾਂ ਦੀ ਬੋਲੀ ਵਿਚ ਨਿਰੀਆਂ ਗਲਤੀਆਂ ਵੀ ਗਲਤੀਆਂ। ਦੂਜੇ ਪਾਸੇ ਗੌਰਮਿੰਟ ਦਾ ਵੀ ਇਹੀ ਹਾਲ ਹੈ। ਸੱਤ ਅੱਠ ਹਜ਼ਾਰ ਆਦਮੀ ਜੇਹਲ ਵਿਚ ਰਖਿਆ। ਉਹ ਪਬਲਿਕ ਨੂੰ ਕਿਉਂ ਨਹੀਂ ਦੱਸ ਸਕਦੇ ਕਿ ਹਥਿਆਰ ਕਿਥੋਂ ਆਏ ਸਨ ਜਾਂ ਕੌਣ ਨੇ ਬੰਬ ਬਣਾਉਣ ਵਾਲੇ ਤੇ ਉਹਨਾਂ ਦੀ ਕੀ ਆਰਗੇਨਾਈਜੇਸ਼ਨ ਹੈ ? ਹੁਣ ਜਿਹੜੇ ਐਕਸ਼ਨ ਹੁੰਦੇ ਹਨ – ਇਸ ਸਾਫ ਹੈ ਕਿ

ਲੌਂਗੋਵਾਲ ਦੇ ਆਦਮੀ ਨਹੀਂ, ਇਹ ਬਾਬਾ ਜੋਗਿੰਦਰ ਸਿੰਘ ਦੇ ਆਦਮੀ ਵੀ ਨਹੀਂ, ਇਹ ਕਿਸਦੇ ਆਦਮੀ ਨੇ, ਇਹ ਕੌਣ ਬੰਬ ਬਣਾਉਂਦਾ ? ਇਹ ਗੁਰੀਲਾ ਲੜਾਈ ਵੀ ਨਹੀਂ। ਇਹ ਤਾਂ ਸਰਕਾਰ ਦੇ ਹੱਥਾਂ ਵਿਚ ਖੇਡਣ ਦੀ ਖੇਡ ਹੈ।

ਪਿਛਲੇ ਛੇ ਸਾਲਾਂ ਤੋਂ ਪੰਜਾਬ ਨੇ ਬੇਇੰਤਹਾ ਮਾਰ ਮਰਾਈ, ਰਾਜਨੀਤਿਕ ਅਸਥਿਰਤਾ ਅਤੇ ਆਰਥਿਕ ਨੁਕਸਾਨ ਦਾ ਸਾਹਮਣਾ ਕੀਤਾ ਹੈ। ਭੰਗੜੇ ਤੇ ਤਾਲ ਦੀ ਥਾਂ ਹੁਣ ਗੋਲੀਆਂ ਦੀ ਆਵਾਜ਼ ਨੇ ਲੈ ਲਈ ਹੈ। ਪਰ ਇਸ ਸਭ ਕੁਝ ਦੇ ਬਾਵਜੂਦ, ਇਕ ਚੇਤਨ ਆਦਮੀ ਪੰਜਾਬ ਦੇ ਲੋਕਾਂ ਨੂੰ ਸਾਵਧਾਨ ਕਰ ਰਿਹਾ ਹੈ। ਇਹ ਗੁਰਸ਼ਰਨ ਸਿੰਘ ਹੈ ਜਿਸਦੀ ਆਵਾਜ਼ ਨੁਕੜ ਥੀਏਟਰ ਰਾਹੀਂ ਸੁਣੀ ਜਾ ਸਕਦੀ ਹੈ।

ਉਹ ਕਾਫੀ ਲੋਕਪ੍ਰਿਯ ਹੈ ਤੇ ਉਸਨੇ ਆਤੰਕਵਾਦ ਪ੍ਰਭਾਵਿਤ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਪਿੰਡਾਂ ਵਿਚ ਵੀ ਪ੍ਰੋਗਰਾਮ ਕੀਤੇ।...

...ਮਸ਼ਹੂਰ ਪੰਜਾਬੀ ਨਾਟਕਕਾਰ ਜਿਸਦੀ ਕਮਿਊਨਿਸਟ ਵਿਚਾਰਧਾਰਾ ਨਾਲ ਵਚਨਬੱਧਤਾ ਦਾ ਪਿਛੋਕੜ ਹੈ, ਦੂਰਦਰਸ਼ਨ ਲਈ ਪੰਜ ਐਪੀਸੋਡ ਦਿਖਾ ਚੁਕਾ ਹੈ। ਦਾਸਤਾਨ-ਏ-ਪੰਜਾਬ 13 ਐਪੀਸੋਡ ਤੱਕ ਹੋ ਜਾਣ ਦੀ ਉਮੀਦ ਹੈ।

ਪਿਛਲੇ ਕੁਝ ਸਾਲਾਂ ਦੌਰਾਨ ਗੁਰਸ਼ਰਨ ਸਿੰਘ (68) ਪੰਜਾਬ ਵਿਚ ਇਕ ਜਿੰਦਾ ਮਿੱਥ ਬਣ ਗਏ ਹਨ। ਉਸਨੇ ਦਹਿਸ਼ਤਜਫਾ ਧਰਤੀ ਦੀ ਕਹਾਣੀ ਆਪਣੇ ਰਾਜਨੀਤਕ ਨਾਟਕਾਂ ਵਿਚ ਕਹੀ ਹੈ ਜਿਸ ਵਿਚ ਉਸਨੇ ਹੁਕਮਰਾਨ ਪਾਰਟੀ, ਅਕਾਲੀਆਂ ਅਤੇ ਖਾਲਿਸਤਾਨੀ ਆਤੰਕਵਾਦੀਆਂ ਤੇ ਹਮਲਾ ਕੀਤਾ ਹੈ।

ਫਲਸਰੂਪ ਉਸ ਨੂੰ ਅਕਾਲੀਆਂ ਦੇ ਗੁੱਸੇ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਰਕੇ ਉਸਨੇ ਆਪਣਾ ਘਰ ਅੰਮ੍ਰਿਤਸਰ ਛੱਡ ਦਿੱਤਾ ਹੈ। ਦੋ ਮਹੀਨਿਆਂ ਤੋਂ ਆਪਣਾ ਰਾਜਨੀਤਕ ਸਾਹਿਤਕ ਪਰਚਾ 'ਸਮਤਾ' ਵੀ ਨਹੀਂ ਕੱਢ ਸਕੇ ਹਨ।

ਦਾਸਤਾਨ-ਏ-ਪੰਜਾਬ, ਸਗੋਂ ਇਕ ਬਿਲਕੁਲ ਅਲੱਗ ਕਹਾਣੀ ਹੈ, ਜਿਸ ਵਿਚ ਪੰਜਾਬੀ ਜ਼ਿੰਦਗੀ ਦੇ ਦੁਖਾਂਤ ਦੇ ਮਾਨਵੀਂ ਪਹਿਲੂ ਨੂੰ ਪੇਸ਼ ਕੀਤਾ ਜਾ ਰਿਹਾ ਹੈ।

**(ਦਿ ਸਟੇਟਸਮੈਨ, ਜੁਲਾਈ 12, 1989)**

ਜਲੰਧਰ ਦੂਰਦਰਸ਼ਨ ਨੂੰ ਪਿਛਲੇ ਦੋ ਹਫਤਿਆਂ ਤੋਂ ਕਾਫੀ ਖਤ ਆ ਰਹੇ ਹਨ। ਇਹ ਖਤ ਜਲੰਧਰ ਦੂਰਦਰਸ਼ਨ ਦੁਆਰਾ ਦਿਖਾਏ ਜਾ ਰਹੇ ਨਵੇਂ ਟੀ. ਵੀ. ਸੀਰੀਅਲ 'ਭਾਈ ਮੰਨਾ ਸਿੰਘ' ਦੀ ਤਾਰੀਫ ਵਿਚ ਹਨ। ਇਸ ਸੀਰੀਅਲ ਦੇ ਤਿੰਨ ਐਪੀਸੋਡ ਹੁਣ ਤੱਕ ਦਿਖਾਏ ਜਾ ਚੁਕੇ ਹਨ।

? ਭਾਈ ਮੰਨਾ ਸਿੰਘ ਦਾ ਰੋਲ ਕੌਣ ਕਰ ਰਿਹਾ ਹੈ, ਜੋ ਕਿ ਲੋਕਾਂ ਦੀ ਆਵਾਜ਼ ਬਣ ਕੇ ਅਣਖ ਨੂੰ ਟੁੰਬਦਾ ਹੈ ?

o ਗੁਰਸ਼ਰਨ ਸਿੰਘ-ਪੰਜਾਬ ਦਾ ਮਾਰਕਸਵਾਦੀ ਨਾਟਕਕਾਰ ਜਿਸਨੇ ਖੁਦ ਸਕਰਿਪਟ ਵੀ ਲਿਖੀ ਹੈ।...ਅਲੱਗ ਅਲੱਗ ਐਪੀਸੋਡ ਵਿਚ ਉਸਨੇ ਆਮ ਆਦਮੀ ਦੇ ਦੁੱਖਾਂ ਦੀ ਗਾਥਾ ਕਹੀ ਹੈ, ਜਿਸ ਵਿਚ ਉਹ ਖੁਦ ਇਕ ਕੇਂਦਰੀ ਪਾਤਰ ਹੈ। ਹਰ ਐਪੀਸੋਡ ਭਾਈ ਮੰਨਾ

ਸਿੰਘ ਨੂੰ ਸੜਕਾਂ ਤੇ ਤੁਰਿਆ ਫਿਰਦਾ ਦਿਖਾਉਂਦਾ ਹੈ।

? ਇੰਜਨੀਅਰ ਦੀ ਨੌਕਰੀ ਛੱਡ ਕੇ ਤੁਸੀਂ ਨਾਟਕ ਦੇ ਖੇਤਰ ਵਿਚ ਕਿਵੇਂ ਆ ਗਏ ?

o 1955-1956 ਦੀ ਗੱਲ ਹੈ ਜਦੋਂ ਮੈਂ ਮਹਿਸੂਸ ਕੀਤਾ ਕਿ ਸਾਰਾ ਸਮਾਜ ਵਿਤਕਰਿਆਂ ਅਤੇ ਗਲਤੀਆਂ ਦਾ ਸ਼ਿਕਾਰ ਹੈ। ਇਸੇ ਦੌਰਾਨ ਭਾਖੜਾ ਪ੍ਰੋਜੇਕਟ ਤੇ ਨੌਕਰੀ ਕਰਦਿਆਂ ਮੈਂ ਸੋਚਿਆ ਜੇ ਅਸੀਂ ਨਦੀਆਂ ਦੇ ਪਾਣੀ ਨੂੰ ਡੈਮ ਬਣਾ ਕੇ ਠੱਲ ਸਕਦੇ ਹਾਂ ਤਾਂ ਸਮਾਜ ਨੂੰ ਕਿਉਂ ਨਹੀਂ ? ਸਮਾਜ ਵਿਚ ਜੋ ਗਲਤ ਹੋ ਰਿਹਾ ਹੈ, ਉਸਦੇ ਕਾਰਨ ਜਾਣੇ ਜਾਣ...ਇਹੀ ਕਾਰਨ ਸੀ ਕਿ ਇੰਜਨੀਅਰ ਦੀ ਨੌਕਰੀ ਛੱਡ ਕੇ ਨਾਟਕ ਜੀਵਨ ਆਰੰਭ ਕੀਤਾ।

? ਨਾਟਕ ਤੋਂ ਇਲਾਵਾ ਤੁਹਾਡੇ ਹੋਰ ਕੀ ਸ਼ੌਕ ਹਨ ?

o ਸਾਹਿਤ ਪੜ੍ਹਨਾ। ਮੈਂ ਬੁਨਿਆਦੀ ਤੌਰ ਤੇ ਵਿਗਿਆਨ ਦਾ ਵਿਦਿਆਰਥੀ ਹਾਂ। ਪੜ੍ਹਨਾਂ ਤੇ ਗਿਆਨ ਹਾਸਲ ਕਰਨਾ ਮੇਰੀ ਜ਼ਿੰਦਗੀ ਦੇ ਮਕਸਦ ਰਹੇ ਹਨ।

? -ਤੁਸੀਂ ਹੁਣ ਤੱਕ ਦੇ ਸਫਰ ਤੋਂ ਸੰਤੁਸ਼ਟ ਹੋ ?

o ਇਸ ਗੱਲ ਤੇ ਸੰਤੁਸ਼ਟ ਹਾਂ ਕਿ ਜਿਹੜੀ ਲਹਿਰ ਸ਼ੁਰੂ ਕੀਤੀ ਸੀ ਉਸ ਦਾ ਸੁਨੇਹਾ ਲੋਕਾਂ ਤੱਕ ਪੁੱਜ ਰਿਹਾ ਹੈ। ਸੰਤੁਸ਼ਟੀ ਸਿਰਫ਼ ਇਸ ਗੱਲ ਦੀ ਹੈ ਕਿ ਸੁਨੇਹਾ ਲੋਕਾਂ ਕੋਲ ਜਾ ਰਿਹਾ ਹੈ ਪਰ ਮਨਫੀ ਤਾਕਤਾਂ ਹਾਲੇ ਬਹੁਤ ਤਾਕਤਵਰ ਹਨ, ਸੰਘਰਸ਼ ਤਾਂ ਚਲਦਾ ਹੀ ਰਹਿੰਦਾ ਹੈ, ਸੰਤੁਸ਼ਟ ਹੋ ਕੇ ਬੈਠਿਆ ਨਹੀਂ ਜਾ ਸਕਦਾ।

(ਅਜੀਤ-ਚੰਡੀਗੜ੍ਹ, ਫਰਵਰੀ 13 ਗੁਰਮੀਤ ਨਾਲ ਮੁਲਾਕਾਤ ਦੇ ਕੁਝ ਅੰਸ਼)

ਪੰਜਾਬੀ ਵਿਚ ਹੋਰਨਾਂ ਸਾਹਿਤਕ ਵਿਧਾਵਾਂ ਵਿਚੋਂ ਕਵਿਤਾ ਦਾ ਬੋਲਬਾਲਾ ਰਿਹਾ ਹੈ। ਗਲਪ ਬਹੁਤਾਂ ਵਿਕਸਿਤ ਨਹੀਂ ਹੋ ਸਕਿਆ, ਕਿਉਂਕਿ ਪੜ੍ਹਨਾ ਸਾਡੇ ਕਲਚਰ ਵਿਚ ਸ਼ਾਮਿਲ ਨਹੀਂ। ਨਾਟਕ ਦਾ ਜ਼ੋਰ ਤਾਂ ਘੱਟ ਰਿਹਾ ਕਿਉਂਕਿ ਨਾਟਕ ਲਈ ਮਾਹੌਲ ਨਹੀਂ ਸੀ। ਲੇਕਿਨ ਪਿਛਲੇ ਕੁਝ ਸਾਲਾਂ ਤੋਂ ਸਾਰੇ ਸਾਹਿਤ ਰੂਪਾਂ ਦੀ ਸਥਿਤੀ ਇਕੋ ਜਿਹੀ ਹੈ। ਨਾਟਕ ਇਸ ਸਮੇਂ ਮਕਬੂਲ ਹੈ ਕਿਉਂਕਿ ਗੁਰਸ਼ਰਨ ਸਿੰਘ ਰਾਹੀਂ ਦੀ ਸਥਿਤੀ ਇਹ ਨਾਟਕ ਸਾਡੀ ਜੀਵਨ-ਜਾਂਚ ਦਾ ਹਿੱਸਾ ਬਣਿਆ ਹੈ। ਨਾਟਕ ਦੇ ਘੱਟ ਮਕਬੂਲ ਹੋਣ ਦਾ ਕਾਰਨ ਇਸ ਵਿਧਾ ਦੀ ਜਟਿਲਤਾ ਵੀ ਹੈ ਜਿਵੇਂ ਹਰ ਕੋਈ ਕਵਿਤਾ ਕਹਾਣੀ ਤੇ ਹੱਥ ਅਜਮਾ ਲੈਂਦਾ ਹੈ-ਸ਼ਾਇਦ ਨਾਟਕ ਦੇ ਮਾਮਲੇ ਵਿਚ ਇੰਜ ਨਹੀਂ ਹੁੰਦਾ।

(ਡਾ. ਸਤੀਸ਼ ਕੁਮਾਰ ਵਰਮਾ-ਸੁਰਜੀਤ ਖੁਰਨਾ ਨਾਲ ਮੁਲਾਕਾਤ ਵਿਚੋਂ—ਕਲਾਕਾਰ ਅੰਕ 33)

### ਸਿੱਖ ਇਤਿਹਾਸ ਬਾਰੇ ਫਿਲਮ

ਨਾਟਕਕਾਰ ਗੁਰਸ਼ਰਨ ਸਿੰਘ ਨੇ ਚਾਂਦਨੀ ਚੌਕ ਤੋਂ ਸਰਹਿੰਦ ਤੱਕ ਨਾਟਕ ਲਿਖਿਆ ਤਾਂ ਇਸ ਦੀ ਬੜੀ ਚਰਚਾ ਹੋਈ। ਖੇਡਿਆ ਗਿਆ ਤਾਂ ਲੋਕਾਂ ਦੀਆਂ ਅੱਖਾਂ ਅੱਗੇ ਇਤਿਹਾਸ ਦੇ ਮੁਲਵਾਨ ਅਤੇ ਅਨੋਖੇ ਕਾਂਡ ਵੀ ਖੁੱਲ੍ਹ ਗਏ ਅਤੇ ਬਹਾਦਰੀ ਦਾ ਸੰਦੇਸ਼ ਵੀ ਮਿਲਿਆ। ਦੇਸ਼ ਵਿਦੇਸ਼ ਵਿਚ ਨਾਟਕ ਖੇਖਿਆ ਗਿਆ ਜਿਸ ਦੀ ਸਫਲਤਾ ਤੋਂ

ਬਾਅਦ ਜੇ. ਐਸ. ਗੋਰੀ ਨੇ ਆਪਣੇ ਸਾਥੀਆਂ ਦੀ ਸਲਾਹ ਨਾਲ ਇਸ ਤੇ ਫਿਲਮ ਬਣਾਉਣ ਦਾ ਇਰਾਦਾ ਬਣਾ ਲਿਆ ਤੇ ਅਮਲ ਹੋਣ ਲੱਗ ਪਿਆ। ਇਸ ਨਾਟਕ ਤੇ ਫਿਲਮ ਬਣਨੀ ਸ਼ੁਰੂ ਹੋ ਗਈ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਸਥਾਪਨਾ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਾਕੇ ਨੂੰ ਬੜੇ ਹੀ ਸਚੁੱਜੇ ਅਤੇ ਕਲਾਪੂਰਨ ਢੰਗ ਨਾਲਾ ਫਿਲਮਾਇਆ ਜਾ ਰਿਹਾ...।

(ਅੰਗ ਸੰਗ-ਪੰਜਾਬੀ ਟ੍ਰਿਬਿਊਨ 6 ਅਕਤੂਬਰ, 1996)

ਗਲੇ ਸੜੇ ਪ੍ਰਬੰਧ ਤੇ ਸਮਾਜ ਦੀਆਂ ਖਾਮੀਆਂ,ਊਣਤਾਈਆਂ ਨੂੰ ਕਲਾ ਦੀਆਂ ਅੱਡ ਅੱਡ ਵੰਨਗੀਆਂ ਰਾਹੀਂ ਲੋਕ ਸਮੂਹ ਤੱਕ ਪਹੁੰਚਾਉਣ ਦਾ ਕਾਰਜ...ਸਚਮੁੱਚ ਕਾਫੀ ਵਡੇਰਾ ਹੈ।

ਪੰਜਾਬ ਲੋਕ ਸਭਿਆਚਾਰਕ ਮੰਚ ਜੁਲਾਈ 1981 ਵਿਚ ਲੁਧਿਆਣਾ ਜਿਲ੍ਹੇ ਦੇ ਪਿੰਡ ਨਸਰਾਲੀ ਦੀ ਧਰਤੀ 'ਤੇ ਜਨਮੀ ਇਕ ਉਹ ਜਥੇਬੰਦੀ ਹੈ ਜਿਸ ਨੇ ਬੀਤੇ 15 ਵਰ੍ਹਿਆਂ ਵਿਚ ਇਸ ਵਿਗਟ ਕਾਰਜ ਨੂੰ ਪੂਰਨ ਕਰਨ ਹਿਤ ਆਪਣਾ ਜੀ ਜਾਨ ਇਕ ਕੀਤਾ ਹੈ। ਪੰਜਾਬ ਦੇ ਪ੍ਰਸਿੱਧ ਲੋਕ ਪੱਖੀ ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ ਦੀ ਅਗਵਾਈ ਵਿਚ ਇਸ ਸੰਸਥਾ ਨੇ ਬੀਤੇ ਸਮੇਂ ਵਿਚ ਨਵੀਆਂ ਪੁਲਾਘਾਂ ਪੁਟੀਆਂ ਹਨ। ਆਪਣੀ ਨਿਵੇਕਲੀ, ਬਾ-ਤਰਤੀਬ, ਬਾ-ਉਦੇਸ਼ ਤੋਰ ਤੁਰਦਿਆਂ ਪ. ਲ. ਸ. ਇਸ ਕਾਬਲ ਹੋ ਸਕਿਆ ਹੈ ਕਿ ਇਸ ਸਮੇਂ ਉਸ ਕੋਲ ਪੰਜਾਬ ਭਰ ਵਿਚ 18 ਦੇ ਕਰੀਬ ਨਵੀਆਂ ਪੁਰਾਣੀਆਂ ਨਾਟਕ ਅਤੇ ਗੀਤ ਸੰਗੀਤ ਮੰਡਲੀਆਂ ਹਨ।...

ਇਹ ਪ. ਲ. ਸ. ਮੰਚ ਹੀ ਹੈ ਜਿਸ ਨੇ ਕਾਲੀਆਂ, ਸ਼ੂਕਦੀਆਂ ਹਨੇਰੀਆਂ ਵਿਚ ਵੀ ਪੰਜਾਬ ਦੇ ਪਿੰਡਾਂ ਵਿਚ **ਅੰਨ੍ਹੇ ਨਿਸ਼ਾਨਚੀ, ਬਾਬਾ ਬੋਲਦਾ ਹੈ, ਰਿਸ਼ਤਿਆਂ ਦਾ ਕੀ ਰਖੀਏ ਨਾਂਅ, ਅਜੀਤ ਰਾਮ** ਵਰਗੇ ਨਾਟਕਾਂ ਦੇ ਰਾਹੀਂ ਜ਼ਿੰਦਗੀ ਦੀ ਧੜਕਣ ਨੂੰ ਸਾਹ ਦੇਹੀ ਰਖੇ।

(ਨਵਾਂ ਜ਼ਮਾਨਾ, 5 ਅਕਤੂਬਰ 1996)

ਜਦੋਂ ਭਾਅ ਜੀ ਨਾਲ ਸ਼ੁਰੂਆਤ ਕੀਤੀ ਤਾਂ ਉਸ ਸਮੇਂ ਮੈਂ ਛੋਟਾ ਸਾਂ। ਥੀਏਟਰ ਬਾਰੇ ਕੁਝ ਖਾਸ ਨਹੀਂ ਸੀ ਜਾਣਦਾ। ਪਹਿਲਾਂ ਲਗਦਾ ਹੁੰਦਾ ਸੀ ਕਿ ਨਾਟਕ ਕਰਨਾ ਏ ਤੇ ਸਾਨੂੰ 20 ਜਾਂ 25 ਰੁਪਏ ਮਿਲਣੇ ਨੇ। ਪਰ ਹੌਲੀ-ਹੌਲੀ ਭਾਅ ਜੀ ਦੀ ਖੱਬੇ-ਪੱਖੀ ਸੋਚ ਦੀ ਕਮਿਟਮੈਂਟ ਬਾਰੇ ਗਿਆਨ ਹੋਣ ਲੱਗਾ ਤਾਂ ਮਹਿਸੂਸ ਹੋਇਆ ਕਿ ਭਾਅ ਜੀ ਨਾਟਕ ਕਰਨ ਲਈ ਹੀ ਨਾਟਕ ਨਹੀਂ ਕਰਦੇ ਬਲਕਿ ਇਹਨਾਂ ਨਾਟਕਾਂ ਰਾਹੀਂ ਇਕ ਸਮਾਜਿਕ ਸੁਨੇਹਾ ਦੇਣਾ ਚਾਹੁੰਦੇ ਨੇ ਤੇ ਇਸ ਸੁਨੇਹੇ ਵਿਚ ਰਾਜਨੀਤਕ ਚੇਤਨਤਾ ਵੀ ਹੈ। ਭਾਅ ਜੀ ਨਾਲ ਕੰਮ ਕਰਦਿਆਂ ਜੋ ਫ਼ਵੱਡਾ ਅਨੁਭਵ ਹੋਇਆ ਉਹ ਸੀ-ਸਾਹਿਤ ਪੜ੍ਹਨ ਦੀ ਆਦਤ। ਪ੍ਰੋਗਰਾਮਾਂ ਤੇ ਜਾਂਦਿਆਂ ਆਉਂਦਿਆਂ ਭਾਅ ਜੀ ਕੋਲੋਂ ਸਾਨੂੰ ਪੰਜਾਬ, ਹਿੰਦੀ ਤੇ ਹੋਰ ਭਾਸ਼ਾਵਾਂ ਦਾ ਸਾਹਿਤ ਪੜ੍ਹਨ ਨੂੰ ਮਿਲ ਜਾਂਦਾ। ਇਹ ਆਦਤ

ਅੱਜ ਵੀ ਬਰਕਰਾਰ ਹੈ। ਮੈਨੂੰ ਜਿਥੇ ਵੀ ਚੰਗੀ ਕਿਤਾਬ ਨਜ਼ਰ ਪਵੇ ਮੈਂ ਖਰੀਦਦਾ ਵੀ ਹਾਂ ਤੇ ਪੜ੍ਹਦਾ ਵੀ। ਭਾਅ ਜੀ ਦੀ ਆਪਣੇ ਕੰਮ ਪ੍ਰਤੀ ਸੁਹਿਰਦਤਾ, ਮਿਹਨਤ, ਲਗਨ ਤੇ ਇਮਾਨਦਾਰੀ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ। ਆਪਣੇ ਮਿੱਥੇ ਨਿਸ਼ਾਨੇ ਤੇ ਕਦਮ-ਕਦਮ ਕਿਵੇਂ ਪਹੁੰਚਣਾ ਹੈ ਤੇ ਰੰਗਮੰਚ ਦੇ ਕੰਮਾਂ ਨੂੰ ਨਿਰੰਤਰਤਾ ਨਾਲ ਅੱਗੇ ਕਿਵੇਂ ਤੋਰਨਾ ਹੈ,ਇਹ ਮੈਂ ਭਾਅ ਜੀ ਤੋਂ ਹੀ ਸਿਖਿਆ ਹੈ।

ਭਾਅ ਜੀ ਆਪਣੇ ਆਪ ਵਿਚ ਇਕ ਸੰਸਥਾ ਹਨ। ਉਹ ਇਕੋ ਸਮੇਂ ਨਾਟਕ, ਲੇਖਕ, ਐਡੀਟਰ, ਡਾਇਰੈਕਟਰ, ਪ੍ਰਕਾਸ਼ਕ, ਆਲੋਚਕ, ਸਮਾਜਸੇਵੀ ਅਤੇ ਸੂਝਵਾਨ ਰਾਜਨੀਤਕ ਹਨ। ਜਿਵੇਂ ਕਿ ਉਹ ਹਮੇਸ਼ਾਂ ਕਿਹਾ ਕਰਦੇ ਨੇ-ਮੈਂ ਤਾਂ ਰੰਗਮੰਚ ਨੂੰ ਆਪਣੇ ਰਾਜਨੀਤਕ ਪ੍ਰਚਾਰ ਤੇ ਸਮਾਜਿਕ ਸੁਨੇਹੇ ਲਈ ਵਰਤਦਾ ਹਾਂ, ਇਸ ਲਈ ਭਾਅ ਜੀ ਨੇ ਆਪਣੇ ਰੰਗਮੰਚ ਨੂੰ ਸਮੇਂ ਸਮੇਂ ਉਤੇ ਵੱਖਰੇ ਵੱਖਰੇ ਰੂਪਾਂ ਵਿਚ ਢਾਲਿਆ ਹੈ। ਪਹਿਲਾਂ 64 ਤੋਂ 70-75 ਤੱਕ ਉਹਨਾਂ ਨੇ ਪੰਜਾਬੀ ਦੇ ਸਾਰੇ ਪ੍ਰਮੁੱਖ ਨਾਟਕਕਾਰਾਂ ਦੇ ਨਾਟਕ ਵੀ ਖੇਡੇ, ਹਿੰਦੀ ਤੇ ਹੋਰ ਸੰਸਾਰ ਪ੍ਰਸਿੱਧ ਨਾਟਕ ਵੀ ਖੇਡੇ, ਜੋ ਕਿ ਸੰਪੂਰਨ ਤੌਰ ਤੇ ਰੰਗਮੰਚ ਦੀਆਂ ਲੋੜਾਂ ਦੇ ਅਨਕੂਲ ਸਨ। ਫੇਰ ਭਾਅ ਜੀ ਨੇ ਆਪਣੇ ਪੰਜ ਮੈਂਬਰੀ ਨਾਟਕ ਟੋਲੀ ਅਨੁਸਾਰ ਨਾਟਕ ਲਿਖਣੇ ਤੇ ਖੇਡਣੇ ਸ਼ੁਰੂ ਕੀਤੇ। ਇਹਨਾਂ ਨਾਟਕਾਂ ਨੂੰ ਉਹਨਾਂ ਨੇ ਨੁੱਕੜ ਨਾਟਕ ਸ਼ੈਲੀ, ਅਵਾਮੀ ਨਾਟਕ, ਲੋਕ ਨਾਟਕ ਸ਼ੈਲੀ, ਥੜ੍ਹਾ ਨਾਟਕ ਆਦਿ ਦਾ ਨਾਂਅ ਦਿੱਤਾ। ਭਾਅ ਜੀ ਦੇ ਨਾਟਕ ਦੀਆਂ ਬਹੁਤ ਸਾਰੀਆਂ ਸੀਮਾਵਾਂ ਵੀ ਹਨ ਜਿਨ੍ਹਾਂ ਕਰਕੇ ਇਹਨਾਂ ਦੀਆਂ ਪੇਸ਼ਕਾਰੀਆਂ ਵਿਚ ਰੰਗਮੰਚ ਤਾਂ ਪਿਛੇ ਰਹਿ ਗਿਆ ਪਰ ਸੁਨੇਹਾ ਪ੍ਰਮੁੱਖ ਹੋ ਗਿਆ।

ਜਿਥੋਂ ਤੱਕ ਭਾਅ ਜੀ ਦੀਆਂ ਰੰਗਮੰਚ ਪ੍ਰਾਪਤੀਆਂ ਦੀ ਗੱਲ ਹੈ ਉਹਨਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਤਾਂ ਇਹ ਹੈ ਕਿ ਅੱਜ ਪੰਜਾਬ ਵਿਚ 25 ਦੇ ਕਰੀਬ ਨਾਟਕ ਮੰਡਲੀਆਂ ਆਪਣੇ ਆਪਣੇ ਵਿਤ ਮੁਤਾਬਿਕ ਕੰਮ ਕਰ ਰਹੀਆਂ ਹਨ। ਮੈਂ ਭਾਅ ਜੀ ਨਾਲ 1978 ਤੋਂ 1988 ਤੱਕ 10 ਸਾਲ ਕੰਮ ਕੀਤਾ ਹੈ ਤੇ ਮੈਂ ਅੱਜ ਜੋ ਕੁਝ ਵੀ ਹਾਂ ਉਹ ਭਾਅ ਜੀ ਗੁਰਸ਼ਰਨ ਸਿੰਘ ਦੀ ਮੁੱਢਲੀ ਸਿਖਿਆ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਦੀ ਟਰੇਨਿੰਗ ਕਰਕੇ ਹਾਂ। ਅੱਜ ਵੀ ਸਮੇਂ ਸਮੇਂ ਭਾਅ ਜੀ ਦਾ ਸਹਿਯੋਗ ਮਿਲਦਾ ਰਹਿੰਦਾ ਹੈ। ਜਿਥੇ ਕਿਸੇ ਸਖਸ਼ ਦੀਆਂ ਏਨੀਆਂ ਪ੍ਰਾਪਤੀਆਂ ਹੋਣ ਉਥੇ ਜੇਕਰ ਕੁਝ ਘਾਟਾਂ ਵੀ ਹੋਣ ਤਾਂ ਉਹ ਰੜਕਦੀਆਂ ਨਹੀਂ।

(ਕੇਵਲ ਧਾਲੀਵਾਲ, ਨਵਾਂ ਜ਼ਮਾਨਾ-11 ਮਈ 1997)

## ਟਿੱਪਣੀਆਂ

### ਨਾਟਕਾਂ ਉਤੇ ਪਾਬੰਦੀ ਦੀ ਧਮਕੀ ਦੇ ਸੰਬੰਧ ਵਿਚ

ਖਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਯੂਥ ਫੈਸਟੀਵਲ ਦੇ ਦੌਰਾਨ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਦੇ ਵਿਦਿਆਰਥੀਆਂ ਦੀ ਟੀਮ ਵਲੋਂ ਡਾ. ਜਨਮੀਤ ਦੇ ਨਿਰਦੇਸ਼ਨ ਵਿਚ ਗੁਰਸ਼ਰਨ ਸਿੰਘ ਦੇ ਨਾਟਕ-ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ-

ਖੇਡਣ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਕਾਲੀ ਲੀਡਰ ਗੁਰਚਰਨ ਸਿੰਘ ਟੌਹੜਾ ਨੇ ਇਹ ਧਮਕੀ ਦਿੱਤੀ ਕਿ ਉਹ ਇਸ ਤਰ੍ਹਾਂ ਦੇ ਨਾਟਕ ਸ਼੍ਰੋਮਣੀ ਕਮੇਟੀ ਦੀ ਮਦਦ ਵਾਲੇ ਕਾਲਜਾਂ ਵਿਚ ਨਹੀਂ ਖੇਡਣ ਦੇਣਗੇ। ਗੁਰਚਰਨ ਸਿੰਘ ਟੌਹੜਾ ਉਸ ਸਮੇਂ ਉਥੇ ਹਾਜ਼ਰ ਸੀ ਤੇ ਉਹਦੇ ਚੇਲਿਆਂ ਨੇ ਨਾਟਕ ਨੂੰ ਰੋਕਣ ਲਈ ਜ਼ੋਰਦਾਰ ਹੂਟਿੰਗ ਕੀਤੀ ਸੀ। ਟੌਹੜਾ ਦੀਆਂ ਇਸ ਤਰ੍ਹਾਂ ਦੀਆਂ ਧਮਕੀਆਂ ਬਾਅਦ ਵਿਚ ਵੀ ਜਾਰੀ ਰਹੀਆਂ ਤੇ 25 ਦਸੰਬਰ 1996 ਨੂੰ ਚੰਡੀਗੜ੍ਹ ਵਿਖੇ ਸਿੱਖ ਬੁਧੀਜੀਵੀਆਂ ਦੀ ਕਾਨਫਰੰਸ ਵਿਚ ਵੀ ਇਸ ਤਰ੍ਹਾਂ ਦੇ ਵਿਚਾਰ ਆਏ ਕਿ ਇਨਕਲਾਬੀ ਨਾਟਕਾਂ ਤੇ ਪਾਬੰਦੀ ਲਗਣੀ ਚਾਹੀਦੀ ਹੈ। ਇਸ ਦੇ ਜਵਾਬ ਵਿਚ 26 ਦਸੰਬਰ ਨੂੰ ਅਗਾਂਹਵਧੂ ਲੇਖਕ ਤੇ ਸਭਿਆਚਾਰਕ ਜਥੇਬੰਦੀ ਵਲੋਂ ਚੰਡੀਗੜ੍ਹ ਵਿਚ ਇਕ ਜ਼ੋਰਦਾਰ ਕਾਨਫਰੰਸ ਕਰਕੇ ਗੁਰਚਰਨ ਸਿੰਘ ਟੌਹੜਾ ਦੀਆਂ ਧਮਕੀਆਂ ਵਿਰੁਧ ਰੋਸ ਪ੍ਰਗਟ ਕੀਤਾ ਗਿਆ ਅਤੇ ਗੁਰਸ਼ਰਨ ਭਾਅ ਜੀ ਨਾਲ ਇਕ-ਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਵਾਦ ਵਿਵਾਦ ਵਿਚ ਲੇਖਕਾਂ ਤੇ ਬੁਧੀਜੀਵੀਆਂ ਦੀ ਇਕ ਭੂਮਿਕਾ ਰਹੀ ਹੈ।

ਇਸ ਸੰਬੰਧੀ ਕੁਝ ਟਿੱਪਣੀਆਂ ਇਥੇ ਦੇ ਰਹੇ ਹਾਂ।

**ਟੌਹੜਾ-ਸ਼ਕਤੀ**

ਇਕ ਸੀ ਆਇਤੁੱਲਾ ਖੁਮੀਨੀ। ਜਾਣਦੇ ਹੋ ਜਾਂ ਨਹੀਂ ? ਉਹ ਖੁਮੀਨੀ ਜਿਸ ਨੇ ਇਰਾਨ ਉਤੇ ਆਪਣੀ ਇਸਲਾਮੀ ਹਕੂਮਤ ਕਾਇਮ ਕਰਨ ਮਗਰੋਂ ਨਗਾਰੇ ਦੀ ਚੋਟ ਉਤੇ ਐਲਾਨ ਕੀਤਾ ਸੀ ਕਿ ਜਿਹੜਾ ਬੰਦਾ ਭਾਰਤ ਮੂਲ ਦੇ ਮੁਸਲਮਾਨ ਲੇਖਕ ਸਲਮਾਨ ਰਸ਼ਦੀ ਦਾ ਘੋਗਾ ਚਿੱਤ ਕਰੇਗਾ, ਉਸਨੂੰ ਲੱਖਾਂ ਰੁਪਏ ਇਨਾਮ ਦਿੱਤੇ ਜਾਣਗੇ।

ਇਕ ਹਨ ਸਾਡੇ ਜਥੇਦਾਰ ਟੌਹੜਾ ਸਾਹਿਬ। ਹਾਲੇ ਹਫਤਾ ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 24ਵੀਂ ਵਾਰ ਪ੍ਰਧਾਨ ਬਣੇ ਹਨ। ਇਕ ਪਾਸੇ ਇਹ 24ਵੀਂ ਵਾਰ ਪ੍ਰਧਾਨ ਚੁਣੇ ਗਏ, ਦੂਸਰੇ ਪਾਸੇ ਪੰਜਾਬ ਵਿਚ ਅਕਾਲੀ ਦਲ ਸਰਕਾਰ ਅਤੇ ਤਸੀਰੇ ਪਾਸੇ ਦੋਹਾਂ ਦਾ ਰਲਿਆ-ਮਿਲਿਆ ਹੈਂਕੜਪੁਣਾ। ਇਸ ਲਈ ਜਥੇਦਾਰ ਹੁਰਾਂ ਦੇ ਅੰਦਰ ਆਇਤੁੱਲਾ ਖੁਮੀਨੀ ਦੀ ਰੂਹ ਦਾ ਵਾਸ ਹੋ ਗਿਆ ਹੈ ਅਤੇ ਉਹਨਾਂ ਨੇ ਐਲਾਨ ਕਰ ਦਿੱਤਾ ਕਿ ਪੰਜਾਬ ਦੇ ਕਿਸੇ ਵੀ ਸਕੂਲ ਕਾਲਜ ਦੀ ਸਟੇਜ ਉਤੇ ਅਜਿਹਾ ਨਾਟਕ ਨਹੀਂ ਖੇਡਣ ਦਿੱਤਾ ਜਾਵੇਗਾ ਜਿਸ ਵਿਚ ਅਕਾਲੀ ਦਲ, ਅਕਾਲੀ ਸਰਕਾਰ ਜਾਂ ਅਕਾਲੀ ਨੀਤੀ ਦਾ ਮਜ਼ਾਕ ਉਡਾਇਆ ਗਿਆ ਹੋਵੇਗਾ। ਜਿਸ ਨਾਟਕ ਉਤੇ ਉਹ ਖਫਾ ਹੋਏ, ਪਤਾ ਕਿਸਦਾ ਲਿਖਿਆ ਹੋਇਆ ਹੈ-ਗੁਰਸ਼ਰਨ ਸਿੰਘ ਭਾਅ ਜੀ ਦਾ, ਜਿਨ੍ਹਾਂ ਦੇ ਨਾਟਕ ਦੇ ਖੇਤਰ ਵਿਚ ਹੀ ਨਹੀਂ ਸਗੋਂ ਸਿਆਸੀ ਪ੍ਰਤੀਬੱਧਤਾ ਦੇ ਖੇਤਰ ਵਿਚ ਵੀ ਬਹੁਤ ਉਚਾ ਨਾਂ ਕਮਾਇਆ ਹੈ।

**(ਪੰਜਾਬੀ ਟ੍ਰਿਬਿਊਨ)**

ਸਾਰੇ ਨਾਟਕ ਵਿਚ ਕਿਸੇ ਵੀ ਥਾਂ ਧਰਮ ਸ਼ਬਦ ਦਾ ਪ੍ਰਯੋਗ ਨਹੀਂ ਹੁੰਦਾ। ਇਕ ਵੀ ਡਾਇਲਗ ਸਿੱਖ ਧਰਮ ਬਾਰੇ ਨਹੀਂ ਬੋਲਿਆ ਜਾਂਦਾ। ਤੁਸੀਂ ਨਾਟਕ ਪੜ੍ਹਿਆ ਹੋਵੇਗਾ।

ਅਸਲ ਵਿਚ ਇਹ ਪੰਜਾਬ ਦੀਆਂ ਦੋ ਮੁੱਖ ਸਿਆਸੀ ਜਮਾਤਾਂ-ਕਾਂਗਰਸ ਅਤੇ ਅਕਾਲੀਆਂ ਦੀ ਆਪਸੀ ਲੜਾਈ ਨੂੰ ਪੇਸ਼ ਕਰਦਾ ਹੈ ਅਤੇ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਦੋਵਾਂ ਦਾ ਕਿਰਦਾਰ ਇਕੋ ਹੈ। ਲੜਾਈ ਸਿਰਫ਼ ਕੁਰਸੀ ਦੀ ਹੈ। ਦੋਵਾਂ ਵਿਚ ਕਦੇ ਕੋਈ, ਕਦੇ ਕੋਈ ਇਸ ਕੁਰਸੀ ਤੇ ਬਿਰਾਜਦਾ ਹੈ। ਆਮ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ ਰਹਿੰਦੇ ਹਨ। ਇਹ ਇਕ ਹਕੀਕਤ ਹੈ। ਕੀ ਇੰਜ ਨਹੀਂ ਹੁੰਦਾ ਕਿ ਇਹ ਉਘਾ ਆਗੂ ਰਾਤ ਨੂੰ ਕਾਂਗਰਸੀ ਹੁੰਦਾ ਹੈ ਤੇ ਸਵੇਰ ਨੂੰ ਅਕਾਲੀ ਦਲ ਦੀ ਟਿਕਟ ਉਤੇ ਐਮ. ਪੀ. ਚੋਣ ਲੜ ਰਿਹਾ ਹੁੰਦਾ ਹੈ। ਇਕ ਨਹੀਂ, ਸੈਂਕੜੇ ਸਿਰ ਕੱਢ ਅਕਾਲੀ-ਕਾਂਗਰਸੀ ਆਗੂਆਂ ਨੇ ਇਸੇ ਤਰ੍ਹਾਂ ਕੀਤਾ ਹੈ। ਇਸ ਲਈ ਨਾਟਕਾਂ ਵਿਚ ਜੇ ਇਹਨਾਂ ਨੂੰ ਪੱਗ-ਵੱਟ ਭਰਾਂ ਦਰਸਾਇਆ ਗਿਆ ਹੈ ਤਾਂ ਕੋਈ ਅੱਤਕਥਨੀ ਨਹੀਂ।

**(ਡਾ. ਜਨਮੀਤ, ਨਵਾਂ ਜ਼ਮਾਨਾ—21 ਦਸੰਬਰ 1997)**

ਸੰਬੰਧਤ ਨਾਟਕ ਹਰਗਿਜ ਵੀ ਸਿੱਖ ਜਾਂ ਸਿੱਖੀ ਦੇ ਖਿਲਾਫ ਨਹੀਂ ਹੈ। ਇਹ ਤਾਂ ਅਕਾਲੀ ਪਾਰਟੀ ਤੇ ਕਾਂਗਰਸੀਆਂ ਦੀ ਰਾਜਨੀਤਕ ਮੌਕਾਪ੍ਰਸਤੀ ਉਪਰ ਚੋਟ ਕਰਦਾ ਹੈ ਕਿ ਜੋ ਇਕ ਜਿਊਂਦੀ ਜਾਗਦੀ ਸਚਾਈ ਹੈ। ਉਹਨਾਂ ਅੱਗੇ ਕਿਹਾ ਕਿ ਸਾਡੀ ਲੜਾਈ ਫਾਸ਼ੀਵਾਦ ਤੇ ਫਿਰਕਾਪ੍ਰਸਤੀ ਦੇ ਖਿਲਾਫ ਹੈ।

ਪੰਜਾਬ ਸਰਕਾਰ ਦੀ ਸਭਿਆਚਾਰਕ ਨੀਤੀ ਤੇ ਸਾਰਥਿਕ ਬਹਿਸ ਦੀ ਲੋੜ ਹੈ। ਗਿਆਨ, ਪੂੰਜੀ ਅਤੇ ਤਕਨੀਕ ਉਪਰ ਸਟੇਟ ਦਾ ਕਬਜ਼ਾ ਹੈ ਅਤੇ ਸਟੇਟ ਇਹ ਚਾਹੁੰਦੀ ਹੈ ਕਿ ਮਨੁੱਖ ਦੇ ਦਿਮਾਗੀ ਵਿਕਾਸ ਉਪਰ ਵੀ ਉਸ ਦਾ ਕਬਜ਼ਾ ਹੋ ਜਾਵੇ। ਅਸੀਂ ਧਰਮ ਨਹੀਂ ਧਰਮ ਦੇ ਆਡੰਬਰਾਂ ਵਿਚ ਦਖਲਅੰਦਾਜ਼ੀ ਕੀਤੀ ਹੈ ਅਤੇ ਕਰਦੇ ਰਹਾਂਗੇ ਕਿਉਂਕਿ ਇਹ ਸਾਡਾ ਵਿਰਸਾ ਹੈ। ਗੁਰੂ ਗੋਬਿੰਦ ਸਿੰਘ ਉਸ ਸਮੇਂ ਦੇ ਮਸੰਦਾਂ ਖਿਲਾਫ ਲੜਾਈ ਲੜਨ ਤੋਂ ਕੋਈ ਤਾਕਤ ਨਹੀਂ ਰੋਕ ਸਕੀ ਸੀ।

**(ਡਾ. ਤੇਜਵੰਤ ਮਾਨ—ਪੰਜਾਬੀ ਟ੍ਰਿਬਿਊਨ)**

ਗੁਰਚਰਨ ਸਿੰਘ ਟੌਹੜਾ ਵਲੋਂ ਜਿਥੋਂ ਤੱਕ ਮਸਲਾ ਕਾਲਜਾਂ ਦੀਆਂ ਸਟੇਜਾਂ ਤੇ ਨਾਟਕ ਕਰਨ ਤੋਂ ਰੋਕਣ ਦਾ ਹੈ, ਇਹ ਸੋਚ ਜਾਂ ਵਿਚਾਰ ਬਿਨਾਂ ਸ਼ੱਕ ਫਾਸ਼ੀ ਸੋਚ ਹੈ। ਖੁਮੈਨੀ ਵਲੋਂ ਰਸ਼ਦੀ ਦੀ ਰਚਨਾ ਸ਼ੈਤਾਨ ਦੀਆਂ ਆਇਤਾਂ ਨੂੰ ਪੜ੍ਹੇ ਬਿਨਾਂ ਉਸ ਨੂੰ ਜਾਨੋ ਮਾਰਨ ਦਾ ਫਤਵਾ ਦੇ ਦੇਣਾ, ਸਫਦਰ ਹਾਸਮੀ ਨੂੰ ਕਾਂਗਰਸੀ ਗੁੰਡਿਆਂ ਵਲੋਂ ਮਜ਼ਦੂਰ ਪੱਖੀ ਨਾਟਕ ਕਰਦਿਆਂ ਕਤਲ ਕਰ ਦੇਣਾ, ਤਸਲੀਮਾ ਨਸਰੀਨ ਦੇ ਨਵਾਬ ਲੱਜਾ ਵਿਰੁੱਧ ਫਿਰਕਾਪ੍ਰਸਤਾਂ ਵਲੋਂ ਖੜ੍ਹਾ ਕੀਤਾ ਜਹਾਦ ਇਸ ਗੱਲ ਦਾ ਕੋਈ ਬਦਲ ਨਹੀਂ ਹੈ। ਇਸੇ ਲਈ ਉਹ ਇਕੋ ਜਿਹੀਆਂ ਧਮਕੀਆਂ ਦਿੰਦੇ ਹਨ ਤੇ ਸੱਤਾ ਦੇ ਕਰੂਰ ਡੰਡੇ ਦਾ ਦੁਰਉਪਯੋਗ ਕਰਦੇ ਹਨ।

ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪੰਜਾਬ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਸਮੇਂ ਸ਼੍ਰੋਮਣੀ ਕਮੇਟੀ ਤਹਿਤ ਚਲਦੀਆਂ ਸੰਸਥਾਵਾਂ ਵਿਚ ਇਨਕਲਾਬੀ ਨਾਟਕਾਂ ਦੇ ਮੰਚਨ ਤੇ ਪਾਬੰਦੀ ਦੀ ਧਮਕੀ ਵਿਰੁੱਧ ਵਿਦਿਆਰਥੀ ਵਰਗ ਵਿਚ ਭਾਰੀ ਰੋਹ ਹੈ। ਵਿਦਿਅਕ ਸੰਸਥਾਵਾਂ ਅਤੇ ਸਭਿਆਚਾਰਕ ਸਮਾਗਮ ਸ੍ਰੀ ਟੌਹੜਾ

ਦੀ ਜੱਦੀ ਜਾਇਦਾਦ ਨਹੀਂ ਹਨ। ਇਹਨਾਂ ਸੰਸਥਾਵਾਂ ਦੇ ਵਿਦਿਆਰੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਪੂਰਾ ਹੱਕ ਹੈ ਤੇ ਉਹ ਸ਼੍ਰੀ ਟੌਹੜਾ ਦੀ ਸੋਚ ਦੇ ਗੁਲਾਮ ਨਹੀਂ ਹਨ।

(ਰੁਪਿੰਦਰ ਮਾਹਿਤ, ਜਰਨਲ ਸਕੱਤਰ, ਪੰਜਾਬ ਵਿਦਿਆਰਥੀ ਯੂਨੀਅਨ)

(ਕੰਵਲਜੀਤ ਖੰਨਾ, ਨਵਾਂ ਜ਼ਮਾਨਾ—21 ਦਸੰਬਰ 1997)

ਰਾਜ ਚੌਹਾਨ, ਜੋ ਕਿ ਕੈਨੇਡਾ ਵਿਚ ਹੈਲਥ ਵਰਕਰ ਯੂਨੀਅਨ ਨਾਲ ਸੰਬੰਧਤ ਹਨ, ਨੇ ਆਪਣੇ ਵਿਚਾਰ ਰਖਦੇ ਹੋਏ ਕਿਹਾ ਕਿ ਸਾਨੂੰ ਇਹ ਜਾਣ ਕੇ ਬਹੁਤ ਠੇਸ ਲਗੀ ਹੈ ਕਿ ਪੰਜਾਬ ਵਿਚ ਹੁਣ ਇਕ ਨਾਟਕਕਾਰ ਨੂੰ ਨਾਟਕ ਪੇਸ਼ ਕਰਨ ਦੀ ਆਜ਼ਾਦੀ ਵੀ ਨਹੀਂ ਰਹੀ। ਇਹੋ ਜਿਹੇ ਲੋਕਤੰਤਰ ਦਾ ਕੀ ਲਾਭ ?

(ਰਾਜ ਚੌਹਾਨ, ਕੈਨੇਡਾ)

ਨਾਟਕ-ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀਆਂ ਅੱਖਾਂ ਵਿਚ ਰੜਕ ਰਿਹਾ ਹੈ ਤੇ ਉਹ ਇਸ ਤੋਂ ਖਿਝ ਕੇ ਸਕੂਲਾਂ, ਕਾਲਜਾਂ (ਖਾਸ ਕਰਕੇ ਖਾਲਸਾ) ਵਿਚ ਕਰਾਂਤੀਕਾਰੀ ਨਾਟਕਾਂ ਦੇ ਮੰਚਨ ਨੂੰ ਰੋਕਣ ਦੀ ਧਮਕੀ ਭਰੀ ਸੁਰ ਵਿਚ ਬਿਆਨਕਾਜ਼ੀ ਕਰ ਰਿਹਾ ਹੈ। ਵਿਵਾਦ ਗ੍ਰਸਤ ਨਾਟਕ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਲਿਖਿਆ\ਗਿਆ ਸੀ ਜਿਹੜਾ ਅਕਾਲੀ-ਕਾਂਗਰਸੀ ਨੇਤਾਵਾਂ ਦੀ ਸਥਾਪਤੀ ਮੁਖੀ ਸਾਂਝ ਨੂੰ ਨੰਗਿਆਂ ਕਰਦਿਆਂ ਅੱਤਵਾਦ ਦੇ ਖੇਤਰ ਨੂੰ ਉਭਾਰਦਾ ਹੈ।

(ਸ਼ਬਦੀਸ਼—ਦੇਸ਼ ਸੇਵਕ, 7 ਦਸੰਬਰ, 1997)

ਫਰਜ ਬਣਦਾ ਹੈ-ਪੰਜਾਬ ਵਿਚ ਕੰਮ ਕਰ ਰਹੀਆਂ ਸੰਸਥਾਵਾਂ ਦਾ ਕਿ ਉਹ ਇਸ ਤਰ੍ਹਾਂ ਕਲਮ ਦੀ ਆਜ਼ਾਦੀ ਅਤੇ ਕਲਾ ਦੀ ਖੁਦ ਮੁਖਤਿਆਰੀ ਤੇ ਹੋ ਰਹੇ ਹਮਲੇ ਦਾ ਗੰਭੀਰ ਨੋਟਿਸ ਲੈਣ ਅਤੇ ਇਸ ਦੀ ਨਿਖੇਧੀ ਕਰਨ। ਕੇਂਦਰੀ ਪੰਜਾਬੀ ਰੰਗਮੰਚ ਸਭਾ ਇਹਨਾਂ ਘਟਨਾਵਾਂ ਦੀ ਵਿਸ਼ੇਸ਼ ਕਰਕੇ ਟੌਹੜਾ ਸਾਹਿਬ ਦੀ ਆਪਹੁਦਰੀ ਦੀ ਸਖ਼ਤ ਲਫਜਾਂ ਵਿਚ ਨਿਖੇਧੀ ਕਰਦਾ ਹੈ ਅਤੇ ਸੱਦਾ ਦਿੰਦੀ ਹੈ-ਸਮੂਹ ਰੰਗਕਰਮੀਆਂ, ਕਲਾਕਾਰਾਂ, ਲੇਖਕਾਂ, ਬੁੱਧੀਜੀਵੀਆਂ ਨੂੰ ਕਿ ਉਹ ਇਸ ਔਖੀ ਘੜੀ ਵਿਚ ਕਲਾ ਦੇ ਉਤਮ ਦਰਜੇ ਨੂੰ, ਕਲਾ ਤੇ ਕਲਮ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਆਪਣੇ-ਆਪਣੇ ਤੁੱਛ ਹਿਤਾਂ ਨੂੰ ਲਾਂਭੇ ਰੱਖ ਦੇਣ ਅਤੇ ਤਾਨਾਸ਼ਾਹਾਂ ਨੂੰ ਦੱਸ ਦੇਣ ਕਿ ਕਲਾਕਾਰਾਂ ਦੀ ਪ੍ਰਤੀਬੱਧਤਾ ਕਲਾ ਪ੍ਰਤੀ ਹੈ, ਸਮਾਜਪ੍ਰਸੀ ਹੈ, ਆਪਣੇ ਲੋਕਾਂ ਪ੍ਰਤੀ ਹੈ ਨਾ ਕਿ ਕਿਸੇ ਵਿਸ਼ੇਸ਼ ਰਾਜਸੀ ਪਾਰਟੀ ਦੇ ਸੌੜੇ ਹਿੱਤਾ ਪ੍ਰਤੀ।

(ਡਾ. ਸਾਹਿਬ ਸਿੰਘ—ਦੇਸ਼ ਸੇਵਕ)